# ਰਫਿਊਜੀਆਂ ਲਈ ਹੱਦਾਂ ਦੇ ਹੱਕ

## ਗੈਰ-ਅਮਰੀਕਨ ਸ਼ਹਿਰੀਆਂ ਲਈ ਅਮਰੀਕਾ ਤੋਂ ਕਨੇਡਾ ਵਿਚ ਦਾਖਲ ਹੋ ਕੇ ਰਫਿਊਜੀ ਕਲੇਮ ਕਰਨ ਵਾਸਤੇ ਆਪਣੇ ਹੱਕਾਂ ਬਾਰੇ ਜਾਨਣ ਲਈ ਗਾਈਡ

ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਸੁਰੱਖਿਆ ਦੀ ਭਾਲ ਕਰਨੀ ਤੁਹਾਡਾ ਹੱਕ ਹੈ। ਇਹ ਗਾਈਡ ਤੁਹਾਡੇ ਇਸ ਫੈਸਲੇ ਬਾਰੇ ਜਾਣਕਾਰੀ ਰਾਹੀਂ ਤੁਹਾਡੀ ਹਿਮਾਇਤ ਕਰੇਗੀ। ਇਹ ਆਮ ਜਾਣਕਾਰੀ ਹੈ ਕਾਨੂੰਨੀ ਸਲਾਹ ਨਹੀਂ। ਜਿਹੜੀ ਏਥੇ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਨਾਲ ਤੁਹਾਨੂੰ ਤੁਹਾਡੇ ਕੇਸ ਬਾਰੇ ਵਿਸ਼ੇਸ਼ ਜਾਣਕਾਰੀ ਦੀ ਲੋੜ ਪਵੇਗੀ ਇਸ ਕਰਕੇ ਜੇ ਸੰਭਵ ਹੋਵੇ ਤਾਂ ਵਕੀਲ ਨਾਲ ਮਸ਼ਵਰਾ ਕਰੋ। ਇਹ ਗਾਈਡ ਲਾਅ ਯੂਨੀਅਨ ਆਫ ਓਨਟੇਰੀਓ ਦੀ ਇਮੀਗਰੇਸ਼ਨ ਲੀਗਲ ਕਮੇਟੀ ਅਤੇ ਨੋ ਵਨ ਇਜ਼ ਇਲਲੀਗਲ ਵਲੋਂ ਤਿਆਰ ਕੀਤੀ ਗਈ ਹੈ।

### ਦਾਖਲੇ ਵਾਲੀ ਥਾਂ (ਬੰਦਰਗਾਹ) ਰਾਹੀਂ ਆਉਣਾ

*ਦਾਖਲੇ ਵਾਲੀ ਥਾਂ* ਜਾਂ ਬੰਦਰਗਾਹ ਉਹ ਥਾਂ ਹੁੰਦੀ ਹੈ ਜਿੱਥੋਂ ਤੁਸੀਂ ਕਾਨੂੰਨੀ ਤੌਰ ’ਤੇ ਕਨੇਡਾ ਵਿਚ ਦਾਖਲ ਹੋ ਸਕਦੇ ਹੋ। ਜ਼ਮੀਨੀ ਦਾਖਲੇ ਵਾਲੀ ਬੰਦਰਗਾਹ ਉਹ ਹੁੰਦੀ ਹੈ ਜਿੱਥੇ ਪੈਦਲ ਚੱਲਣ ਵਾਲੇ, ਬੱਸਾਂ, ਸਾਈਕਲਾਂ, ਗੱਡੀਆਂ ਅਤੇ ਕਾਰਾਂ ਅਮਰੀਕਾ ਤੋਂ ਕਨੇਡਾ ਵਿਚ ਦਾਖਲ ਹੁੰਦੀਆਂ ਹਨ। ਦਾਖਲੇ ਦੀਆਂ ਦੂਜੀਆਂ ਥਾਵਾਂ ਹਨ ਹਵਾਈ ਅੱਡੇ ਅਤੇ ਸਮੁੰਦਰੀ ਬੰਦਰਗਾਹਾਂ।

ਕਨੇਡਾ ਅਤੇ ਅਮਰੀਕਾ ਨੇ ਇਕ ਸਮਝੌਤੇ ’ਤੇ ਦਸਤਖਤ ਕੀਤੇ ਹਨ ਜਿਹਨੂੰ ਸੇਫ ਥਰਡ ਕੰਟਰੀ ਐਗਰੀਮੈਂਟ (ਐਸ ਟੀ ਸੀ ਏ) ਕਹਿੰਦੇ ਹਨ ਜਿਹੜਾ ਕਿ ਬਹੁਤ ਸਾਰੇ ਲੋਕਾਂ ਨੂੰ ਕਨੇਡਾ ਵਿਚ ਰਫਿਊਜੀ ਕਲੇਮ ਕਰਨ ਤੋਂ ਰੋਕਦਾ ਹੈ ਜੇ ਉਹ ਕਿਸੇ ਵੀ ਕਾਨੂੰਨੀ ਜ਼ਮੀਨੀ ਬੰਦਰਗਾਹ ਰਾਹੀਂ ਦਾਖਲ ਹੁੰਦੇ ਹਨ।

ਇਸ ਮਨਾਹੀ ਤੋਂ ਤਿੰਨ ਮੁੱਖ ਛੋਟਾਂ ਹਨ। ਇਨ੍ਹਾਂ ਤਿੰਨ ਸਥਿਤੀਆਂ ਵਿਚ ਜੇ ਤੁਸੀਂ ਜ਼ਮੀਨੀ ਦਾਖਲੇ ਵਾਲੀ ਥਾਂ ’ਤੇ ਆਉਂਦੇ ਹੋ ਤਾਂ ਤੁਸੀਂ ਸ਼ਾਇਦ ਰਫਿਊਜੀ ਕਲੇਮ ਕਰ ਸਕਦੇ ਹੋਵੋ।

1) ਜੇ ਤੁਸੀਂ ਜ਼ਮੀਨੀ ਪੋਰਟ ’ਤੇ ਆਉਂਦੇ ਹੋ ਤਾਂ ਤੁਸੀਂ ਰਫਿਊਜੀ ਕਲੇਮ ਕਰਨ ਯੋਗ ਸਕਦੇ ਹੋ ਜੇ ਤੁਹਾਡਾ ਪਰਵਾਰ ਕਨੇਡਾ ਵਿਚ ਰਹਿੰਦਾ ਹੋਵੇ, ਜਿਵੇਂ ਕਿ ਤੁਹਾਡਾ ਪਤੀ ਜਾਂ ਪਤਨੀ (ਉਸੇ ਜਾਂ ਵੱਖਰੇ ਲਿੰਗ ਦਾ) ਕਾਮਨ-ਲਾਅ ਸਾਥੀ, ਲੀਗਲ ਗਾਰਡੀਅਨ (ਜੇ ਕਲੇਮ ਕਰਨ ਵਾਲਾ 18 ਸਾਲ ਤੋਂ ਘਟ ਉਮਰ ਦਾ ਹੋਵੇ), ਬੱਚਾ, ਮਾਪਾ, ਭੈਣ ਭਰਾ, ਦਾਦਾ ਦਾਦੀ, ਨਾਨਾ ਨਾਨੀ, ਪੋਤਾ/ਪੋਤੀ ਦੋਹਤਾ/ਦੋਹਤੀ, ਅੰਕਲ ਜਾਂ ਆਂਟੀ, ਭਤੀਜਾ/ਭਤੀਜੀ, ਭਾਣਜਾ/ਭਾਣਜੀ। ਪਰਵਾਰ ਦੇ ਸਾਰੇ ਮੈਂਬਰ ਇਹ ਕਰਨ ਦੇ ਯੋਗ (ਕੁਆਲੀਫਾਈ) ਨਹੀਂ ਹੁੰਦੇ।

ਜਦੋਂ ਤੁਸੀਂ ਪੋਰਟ ’ਤੇ ਪਹੁੰਚੋ ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਇਮੀਗਰੇਸ਼ਨ ਅਧਿਕਾਰੀਆਂ ਨੂੰ ਇਹ ਸਾਬਤ ਕਰੋ ਕਿ ਤੁਹਾਡੇ ਪਰਿਵਾਰ ਦਾ ਮੈਂਬਰ ਜਿਸਮਾਨੀ ਤੌਰ ’ਤੇ ਕਨੇਡਾ ਵਿਚ ਹੈ ਅਤੇ ਉਨ੍ਹਾਂ ਦਾ ਕਨੇਡਾ ਵਿਚ ਇਮੀਗਰੈਂਟ ਸਟੇਟਸ ਹੈ। ਇਮੀਗਰੇਸ਼ਨ ਸਟੇਟਸ ਤੋਂ ਭਾਵ ਹੈ ਕਿ ਉਨ੍ਹਾਂ ਨੇ ਆਪਣਾ ਰਫਿਊਜੀ ਕਲੇਮ ਜਾਂ ਪ੍ਰੀ-ਰੀਮੂਵਲ ਰਿਸਕ ਅਸੈਸਮੈਂਟ ਜਿੱਤ ਲਿਆ ਹੈ, ਤੇ ਉਹ ਪੱਕੇ ਵਸ਼ਿੰਦੇ ਹਨ, ਕਨੇਡੀਅਨ ਸ਼ਹਿਰੀ ਹਨ ਜਾਂ ਉਹ ਵਿਅਕਤੀ ਹਨ ਜਿਨ੍ਹਾਂ ਦੇ ਰੀਮੂਵਲ ਆਰਡਰ ਨੂੰ ਸਟੇਅ ਮਿਲੀ (ਰੋਕ ਦਿੱਤਾ ਗਿਆ ਹੈ), ਉਹ ਵਿਅਕਤੀ ਜਿਹਦੇ ਕੋਲ ਕੰਮ ਕਰਨ ਦਾ ਪਰਮਿੱਟ ਜਾਂ ਸਟੱਡੀ ਪਰਮਿੱਟ ਹੈ, ਜਾਂ ਉਹ ਵਿਅਕਤੀ ਜਿਸ ਨੇ ਰਫਿਊਜੀ ਕਲੇਮ ਕੀਤਾ ਹੈ ਜਿਸ ਦਾ ਅਜੇ ਕੋਈ ਫੈਸਲਾ ਨਹੀਂ ਹੋਇਆ। ਤੁਹਾਡੇ ਕੋਲ ਤੁਹਾਡੇ ਪਰਵਾਰ ਦੇ ਮੈਂਬਰ ਨਾਲ ਸੰਪਰਕ ਕਰਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ (ਅਧਿਕਾਰੀ ਤੁਹਾਡੇ ਪਰਵਾਰ ਦੇ ਮੈਂਬਰ ਨੂੰ ਫੋਨ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਸਵਾਲ ਪੁੱਛ ਸਕਦਾ ਹੈ।) ਤੁਹਾਨੂੰ ਉਨ੍ਹਾਂ ਪੇਪਰਾਂ ਦੀ ਵੀ ਲੋੜ ਪੈ ਸਕਦੀ ਹੈ ਜੋ ਤੁਹਾਡਾ ਉਨ੍ਹਾਂ ਨਾਲ ਰਿਸ਼ਤਾ ਸਾਬਤ ਕਰਦੇ ਹੋਣ ਅਤੇ ਉਨ੍ਹਾਂ ਦਾ ਕਨੇਡਾ ਵਿਚ ਸਟੇਟਸ ਸਾਬਤ ਕਰਦੇ ਹੋਣ।

2) ਜੇ ਤੁਸੀਂ ਘੱਟ ਉਮਰ ਦੇ ਹੋਵੋਂ ਅਤੇ ਇਕੱਲੇ ਹੀ ਪੋਰਟ ’ਤੇ ਆਵੋਂ ਤਾਂ ਵੀ ਤੁਸੀਂ ਕਲੇਮ ਕਰਨ ਦੇ ਹੱਕਦਾਰ ਹੋ ਸਕਦੇ ਹੋ। ਇਸ ਦਾ ਅਰਥ ਹੈ ਕਿ ਤੁਸੀਂ 18 ਸਾਲ ਦੀ ਉਮਰ ਤੋਂ ਥੱਲੇ ਹੋ, ਅਣਵਿਆਹੇ ਹੋ ਅਤੇ ਕਨੇਡਾ ਵਿਚ ਮਾਪਿਆਂ ਜਾਂ ਲੀਗਲ ਗਾਰਡੀਅਨ ਨਾਲ ਨਹੀਂ ਆ ਰਹੇ ਅਤੇ ਜਿਸ ਦਾ ਮਾਪਾ ਜਾਂ ਲੀਗਲ ਗਾਰਡੀਅਨ ਕਨੇਡਾ ਜਾਂ ਅਮਰੀਕਾ ਵਿਚ ਨਹੀਂ ਰਹਿੰਦਾ।

3) ਤੁਸੀਂ ਰਫਿਊਜੀ ਕਲੇਮ ਕਰ ਸਕਦੇ ਹੋ ਜੇ ਤੁਸੀਂ ਜ਼ਮੀਨੀ ਦਾਖਲਾ ਪੋਰਟ 'ਤੇ ਆਉਂਦੇ ਹੋ ਤੇ ਤੁਹਾਡੇ ਕੋਲ ਵੀਜ਼ਾ ਜਾਂ ਸਫਰ ਕਰਨ ਲਈ ਲੋੜੀਂਦੇ ਪੇਪਰ ਹਨ ਜਿਹੜੇ ਤੁਹਾਨੂੰ ਕਨੇਡਾ ਵਿਚ ਕੰਮ ਕਰਨ ਜਾਂ ਪੜ੍ਹਾਈ ਲਈ ਆਉਣ ਦੀ ਆਗਿਆ ਦਿੰਦੇ ਹੋਣ ਜਾਂ ਤੁਸੀਂ ਕਿਸੇ ਅਜਿਹੇ ਮੁਲਕ ਤੋਂ ਹੋਵੋ ਜਿੱਥੋਂ ਕਨੇਡਾ ਆਉਣ ਵਾਸਤੇ ਵੀਜ਼ੇ ਦੀ ਜ਼ਰੂਰਤ ਨਹੀਂ।

ਜੇ ਤੁਸੀਂ ਹਵਾਈ ਜਹਾਜ ਜਾਂ ਸਮੁੰਦਰੀ ਜਹਾਜ਼ ਰਾਹੀਂ ਆਵੋ ਤਾਂ ਤੁਹਾਨੂੰ ਐਸ ਟੀ ਸੀ ਏ ਅਧੀਨ ਕਲੇਮ ਕਰਨ ਤੋਂ ਮਨਾਹੀਂ ਨਹੀਂ ਹੋਵੇਗੀ ਅਤੇ ਤੁਸੀਂ ਪੋਰਟ 'ਤੇ ਹੀ ਰਫਿਊਜੀ ਕਲੇਮ ਕਰ ਸਕਦੇ ਹੋ ਜੇ ਤੁਹਾਨੂੰ ਅਮਰੀਕਾ ਵਿਚੋਂ ਰਫਿਊਜੀ ਸਟੇਟਸ ਦੇਣ ਤੋਂ ਇਨਕਾਰ ਮਿਲ ਚੁੱਕਾ ਹੋਵੇ ਅਤੇ ਤੁਸੀਂ ਉੱਥੋਂ ਕੱਢੇ ਜਾਣ ਬਾਅਦ ਕਨੇਡਾ ਵਿਚ ਦੀ ਸਫਰ ਕਰ ਰਹੇ ਹੋਵੋ ਤਾਂ ਤੁਸੀਂ ਕਲੇਮ ਨਹੀਂ ਕਰ ਸਕਦੇ।

## ਦਾਖਲੇ ਦੀ ਬੰਦਰਗਾਹ 'ਤੇ ਰਫਿਊਜੀ ਕਲੇਮ ਕਰਨਾ

ਜੇ ਤੁਹਾਨੂੰ ਐਸ ਟੀ ਸੀ ਏ ਅਧੀਨ ਦਾਖਲ ਹੋਣ ਦਿੱਤਾ ਗਿਆ ਹੋਵੇ ਜਾਂ ਤੁਸੀਂ ਹਵਾਈ ਅੱਡੇ ਤੇ ਜਾਂ ਸਮੁੰਦਰੀ ਬੰਦਰਗਾਹ 'ਤੇ ਆਏ ਹੋ ਤਾਂ ਦਾਖਲੇ ਵਾਲੀ ਥਾਂ 'ਤੇ ਅਧਿਕਾਰੀ ਤੁਹਾਡੇ ਨਾਲ ਗੱਲਬਾਤ ਕਰੇਗਾ ਜੋ ਇਸ ਗੱਲ ਦਾ ਫੈਸਲਾ ਕਰੇਗਾ ਕਿ ਤੁਸੀਂ ਰਫਿਊਜੀ ਕਲੇਮ ਸ਼ੁਰੂ ਕਰ ਸਕਦੇ ਹੋ (ਕਲੇਮ ਕਰਨ ਲਈ ਕਾਨੂੰਨੀ ਤੌਰ 'ਤੇ ਯੋਗ ਹੋ)।

ਅਧਿਕਾਰੀ ਤੁਹਾਨੂੰ ਉਸੇ ਵੇਲੇ ਕਲੇਮ ਕਰਨ ਦੀ ਆਗਿਆ ਦੇ ਸਕਦਾ ਹੈ, ਜਾਂ ਤੁਹਾਨੂੰ ਕਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਦੇ ਸਕਦਾ ਹੈ ਤੇ ਤੁਹਾਨੂੰ ਫੇਰ ਕਿਸੇ ਦਿਨ ਇੰਟਰਵਿਊ ਵਾਸਤੇ ਆਉਣ ਲਈ ਕਹਿ ਸਕਦਾ ਹੈ। ਅਧਿਕਾਰੀ ਤੁਹਾਡੇ ਬਾਰੇ ਹੋਰ ਜਾਣਕਾਰੀ ਇਕੱਤਰ ਕਰਨ ਦੇ ਇਰਾਦੇ ਨਾਲ ਤੁਹਾਨੂੰ ਹਿਰਾਸਤ (ਜੇਲ) ਵਿਚ ਵੀ ਲੈ ਸਕਦਾ ਹੈ ।

ਕੁਝ ਕਾਰਨ ਜਿਨ੍ਹਾਂ ਕਰਕੇ ਤੁਹਾਨੂੰ ਰਫਿਓਜੀ ਕਲੇਮ ਕਰਨ ਤੋਂ ਰੋਕਿਆ ਜਾ ਸਕਦਾ ਹੈ, ਉਹ ਹਨ (1) ਜੇ ਤੁਸੀਂ ਕਿਸੇ ਹੋਰ ਮੁਲਕ ਵਿਚ ਰਫਿਊਜੀ ਕਲੇਮ ਕੀਤਾ ਹੋਇਆ ਹੈ ਜਿੱਥੇ ਤੁਸੀਂ ਵਾਪਸ ਜਾ ਸਕਦੇ ਹੋਵੋ ਜਾਂ (2) ਤੁਸੀਂ ਪਹਿਲਾਂ ਕਨੇਡਾ ਵਿਚ ਰਫਿਊਜੀ ਕਲੇਮ ਕੀਤਾ ਸੀ ਤੇ ਤੁਹਾਨੂੰ ਨਾਂਹ ਹੋ ਗਈ ਸੀ ਜਾਂ ਤੁਸੀਂ ਕੇਸ ਵਾਪਸ ਲੈ ਲਿਆ ਸੀ ਜਾਂ ਪੈਰਵਾਈ ਕਰਨੀ ਛੱਡ ਦਿੱਤੀ ਸੀ ਜਾਂ ਤੁਹਾਨੂੰ ਕੇਸ ਚੱਲਦਾ ਰੱਖਣ ਦੀ ਆਗਿਆਂ ਨਹੀਂ ਸੀ ਮਿਲੀ, ਜਾਂ (3) ਤੁਹਾਨੂੰ 'ਨਾਮੰਨਣਯੋਗ' ਕਰਾਰ ਦਿੱਤਾ ਗਿਆ ਹੈ ਅਤੇ ਤੁਹਾਨੂੰ ਸੁਰੱਖਿਆ ਨੂੰ ਖਤਰਾ ਸਮਝਿਆ ਗਿਆ ਹੈ ਜਾਂ ਤੁਸੀਂ ਕੋਈ ਗੰਭੀਰ ਜੁਰਮ ਕੀਤਾ ਹੈ।

ਜੇ ਅਧਿਕਾਰੀ ਤੁਹਾਨੂੰ ਕਲੇਮ ਕਰਨ ਦੀ ਆਗਿਆ ਦੇ ਦਿੰਦਾ ਹੈ ਤਾਂ ਤੁਹਾਨੂੰ ਇਕ ਰਫਿਊਜੀ ਪਰੋਟੈਕਸ਼ਨ ਕਲੇਮੈਂਟ ਡਾਕੂਮੈਂਟ ਦਿੱਤਾ ਜਾਵੇਗਾ ਜਿਹਨੂੰ ਵਰਤ ਕੇ ਤੁਸੀਂ ਹੈਲਥਕੇਅਰ ਅਤੇ/ਜਾਂ ਵੈਲਫੇਅਰ ਲੈ ਸਕਦੇ ਹੋ ਅਤੇ ਤੁਸੀਂ ਕੰਮ ਕਰਨ ਦੇ ਪਰਮਿੱਟ ਵਾਸਤੇ ਵੀ ਅਰਜੀ ਦੇ ਸਕਦੇ ਹੋ।

ਤੁਹਾਨੂੰ ਇਕ ਹੋਰ ਬੇਸਿਸ ਆਫ ਕਲੇਮ ਨਾਂ ਦਾ ਮਹੱਤਵਪੂਰਨ ਫਾਰਮ ਵੀ ਦਿੱਤਾ ਜਾਵੇਗਾ। ਇਸ ਲਈ ਤੁਹਾਨੂੰ ਤਿਆਰ ਰਹਿਣਾ ਚਾਹੀਦਾ ਹੈ। ਤੁਹਾਨੂੰ ਇਹ ਫਾਰਮ ਭਰ ਕੇ ਇਸ ਗੱਲ ਦਾ ਪੱਕ ਕਰਨਾ ਪਵੇਗਾ ਕਿ ਤੁਸੀਂ ਇਸ ਨੂੰ ਪੰਦਰਾਂ ਦਿਨਾਂ ਦੇ ਵਿਚ ਵਿਚ ਇਮੀਗਰੇਸ਼ਨ ਐਂਡ ਰਫਿਊਜੀ ਬੋਰਡ ਨੂੰ ਮੁੜ ਕੇ ਦੇ ਦੇਵੋ।

## ਦਾਖਲੇ ਵਾਲੀ ਥਾਂ (ਪੋਰਟ) ਤੋਂ ਲਾਂਭੇਂ ਕਿਸੇ ਥਾਂ ਤੋਂ ਕਨੇਡਾ ਵਿਚ ਦਾਖਲ ਹੋਣਾ

ਬਹੁਤ ਸਾਰੇ ਲੋਕ ਕਨੇਡਾ ਜ਼ਮੀਨੀ ਰਸਤੇ ਰਾਹੀਂ ਆਉਂਦੇ ਹਨ ਪਰ ਕਿਸੇ ਸਰਕਾਰੀ ਪੋਰਟ ਰਾਹੀਂ ਦਾਖਲ ਨਹੀਂ ਹੁੰਦੇ। ਇਹ 'ਗੈਰਕਾਨੂੰਨੀ' ਨਹੀਂ ਹੈ ਪਰ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਜੇ ਤੁਸੀਂ ਕਨੇਡਾ ਆਉਣ ਬਾਅਦ ਪੁਲਸ ਦੀ ਹਵਾਲਾਤ ਜਾਂ ਕਨੇਡੀਅਨ ਇਮੀਗਰੈਂਟ ਅਧਿਕਾਰੀਆਂ ਦੀ ਹਿਰਾਸਤ ਵਿਚ ਹੋਵੋ ਤਾਂ ਉਨ੍ਹਾਂ ਨੂੰ ਉਸੇ ਵੇਲੇ ਦੱਸ ਦੇਵੋ ਜੇ ਤੁਸੀਂ ਆਪਣੇ ਜੱਦੀ ਮੁਲਕ ਵਿਚ ਕਿਸੇ ਖਤਰੇ ਵਿਚ ਹੋਵੋ।

ਜਦੋਂ ਤੁਸੀਂ ਇਕ ਵਾਰ ਕਨੇਡਾ ਵਿਚ ਦਾਖਲ ਹੋ ਜਾਵੋ ਤਾਂ ਤੁਸੀਂ ਕਾਨੂੰਨੀ ਤੌਰ 'ਤੇ ਕਿਸੇ ਕਨੇਡੀਅਨ ਬੌਰਡਰ ਸਰਵਿਸਜ਼ ਏਜੰਸੀ ਦੇ ਅਧਿਕਾਰੀ ਕੋਲ ਜਾਂ ਕਿਸੇ ਵੀ ਇਮੀਗਰੇਸ਼ਨ, ਰਫਿਊਜੀ ਅਤੇ ਸਿਟੀਜ਼ਿਨਸ਼ਿੱਪ ਕਨੇਡਾ ਦੇ ਦਫਤਰ (ਸੀ ਆਈ ਸੀ, ਜੀ ਸੀ, ਸੀ ਏ) ਵਿਚ ਰਫਿਊਜੀ ਕਲੇਮ ਕਰ ਸਕਦੇ ਹੋ। ਤੁਹਾਨੂੰ ਇਸ ਦਫਤਰ ਵਲੋਂ ਫਾਰਮਾਂ ਦਾ ਇਕ ਬੰਡਲ ਦਿੱਤਾ ਜਾਵੇਗਾ। ਜਿੰਨਾ ਚਿਰ ਤੁਸੀਂ ਇਹ ਫਾਰਮ ਭਰ ਕੇ ਵਾਪਸ ਨਹੀਂ ਲਿਆਉਂਦੇ ਉਨਾਂ ਚਿਰ ਤੁਸੀਂ ਹੈਲਥ ਕੇਅਰ ਜਾਂ ਸਮਾਜਿਕ ਸੇਵਾਵਾਂ ਨਹੀਂ ਲੈ ਸਕਦੇ ਤੇ ਨਾ ਹੀ ਕੰਮ ਕਰਨ ਦੀ ਆਗਿਆ ਲਈ ਅਰਜ਼ੀ ਦੇ ਸਕਦੇ ਹੋ। ਇਸ ਨੂੰ ਇਨ-ਲੈਂਡ ਕਲੇਮ ਕਿਹਾ ਜਾਂਦਾ ਹੈ। ਇਨ੍ਹਾਂ ਫਾਰਮਾਂ ਨੂੰ ਧਿਆਨ ਨਾਲ ਭਰੋ ਕਿਉਂਕਿ ਇਹ ਫਾਰਮ ਫੈਸਲਾ ਕਰਨ ਵਾਲੇ ਲਈ ਤੁਹਾਡੇ ਕਲੇਮ ਦਾ ਫੈਸਲਾ ਕਰਨ ਦਾ ਅਧਾਰ ਹੋਣਗੇ।

## ਖ਼ੁਦ ਨੂੰ ਬਚਾਉਣਾ

ਤੁਸੀਂ ਇਮੀਗਰੇਸ਼ਨ ਲਾਗੂ ਕਰਵਾਉਣ (ਕਨੇਡਾ ਬੌਰਡਰ ਸਰਵਿਸ ਏਜੰਸੀ) ਵਾਲੇ ਅਫਸਰਾਂ, ਤੇ ਜਾਂ ਪੁਲਸ ਨੂੰ ਜੋ ਕੁਝ ਵੀ ਦੱਸੋ ਉਹ ਤੁਹਾਡੇ ਰਫਿਊਜੀ ਕਲੇਮ ਦਾ ਹਿੱਸਾ ਬਣ ਜਾਵੇਗਾ ਅਤੇ ਪਿੱਛੋਂ ਹੋਣ ਵਾਲੀ ਸੁਣਵਾਈ ਸਮੇਂ ਤੁਹਾਨੂੰ ਉਸ ਬਾਰੇ ਸਵਾਲ ਪੁੱਛੇ ਜਾ ਸਕਦੇ ਹਨ। ਤੁਸੀਂ ਆਪਣੇ ਜੱਦੀ ਮੁਲਕ ਨੂੰ ਵਾਪਸ ਜਾਣ ਤੋਂ ਕਿਉਂ ਡਰਦੇ ਹੋ ਬਾਰੇ ਜਿੰਨਾ ਵੀ ਵਿਸਥਾਰ ਤੁਸੀਂ ਸ਼ਾਮਲ ਕਰ ਸਕਦੇ ਹੋ ਕਰਨ ਦੀ ਕੋਸ਼ਸ਼ ਕਰੋ। ਉਹ ਜਾਣਕਾਰੀ ਦੇਣੀ ਜੋ ਬਾਅਦ ਵਿਚ ਝੂਠੀ ਸਾਬਤ ਹੋਵੇ ਜਾਂ ਆਪਣੇ ਜਵਾਬਾਂ ਵਿਚੋਂ ਕੋਈ ਜਾਣਕਾਰੀ ਬਾਹਰ ਰੱਖ ਲੈਣ ਨਾਲ ਇਸ ਗੱਲ ’ਤੇ ਅਸਰ ਪਵੇਗਾ ਕਿ ਤੁਹਾਡੀ ਕਹਾਣੀ ’ਤੇ ਯਕੀਨ ਕੀਤਾ ਜਾਂਦਾ ਹੈ ਜਾਂ ਨਹੀਂ।

ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਫਾਰਮ ਭਰਨ ਲਈ ਅਤੇ ਆਪਣੀ ਰਫਿਊਜੀ ਅਰਜ਼ੀ ਭਰਨ ਲਈ ਕਿਸੇਂ ਕਾਊਂਸਲ (ਵਕੀਲ, ਜਾਂ ਲਸੰਸਸ਼ੁਦਾ ਇਮੀਗਰੇਸ਼ਨ ਕੰਨਸਲਟੈਂਟ) ਨਾਲ ਗੱਲ ਕਰੋ। ਕਈ ਅਜਿਹੇ ਵਕੀਲ ਤੇ ਇਮੀਗਰੇਸ਼ਨ ਕੰਨਸਲਟੈਂਟ ਹੁੰਦੇ ਹਨ ਜੋ ਗਲਤ ਜਾਂ ਮਾੜੇ ਤਰੀਕਿਆਂ ਨਾਲ ਕੰਮ ਕਰਦੇ ਹਨ ਇਸ ਲਈ ਕਿਸੇ ਭਰੋਸੇਯੋਗ ਸੋਮੇ ਤੋਂ ਜਾਂ ਕਮਿਊਨਿਟੀ ਏਜੰਸੀ ਤੋਂ ਉਨ੍ਹਾਂ ਬਾਰੇ ਜਾਣਕਾਰੀ ਲਵੋ। ਤੁਹਾਨੂੰ ਕਿਸੇ ਪਾਸੇ ਸਫਰ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਕਨੇਡਾ ਵਿਚ ਆ ਜਾਵੋ ਤਾਂ ਤੁਸੀਂ ਲੀਗਲ ਮੱਦਦ ਲੈਣ ਦੇ ਵੀ ਯੋਗ ਹੋ ਸਕਦੇ ਹੋ ਜਿਸ ਨੂੰ ਲੀਗਲ ਏਡ ਕਿਹਾ ਜਾਂਦਾ ਹੈ।

ਜਿਹੜਾ ਵਿਅਕਤੀ ਤੁਹਾਡੀ ਬਾਰਡਰ ਲੰਘਣ ਵਿਚ ਮਦਦ ਕਰ ਰਿਹਾ ਹੋਵੇ ਜੇ ਉਹਨੂੰ ਇਸ ਕੰਮ ਲਈ ਪੈਸੇ ਮਿਲ ਰਹੇ ਹੋਣ ਤਾਂ ਉਨ੍ਹਾਂ ’ਤੇ ਜੁਰਮ ਦਾ ਕੇਸ ਜਾਂ ਇਮੀਗਰੇਸ਼ਨ ਨਾਲ ਸਬੰਧਤ ਚਾਰਜ ਲੱਗ ਸਕਦੇ ਹਨ। ਜਿਹੜੇ ਲੋਕ ਦੂਜਿਆਂ ਦੀ ਬਾਰਡਰ ਲੰਘਣ ਵਿਚ ਮੱਦਦ ਕਰ ਰਹੇ ਹੋਣ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਇਹ ਕੰਮ ਸਿਰਫ ਮਨੁੱਖਤਾ ਦਾ ਭਲਾ ਕਰਨ ਦੇ ਇਰਾਦੇ ਨਾਲ ਬਿਨਾਂ ਕਿਸੇ ਕਿਸਮ ਦੇ 'ਜਾਤੀ ਫਾਇਦੇ' ਦੇ ਕਰ ਰਹੇ ਹੋਣ। ਜੇ ਤੁਸੀਂ ਰਫਿਊਜੀਆਂ ਨੂੰ ਕਨੇਡਾ ਆਉਣ ਵਿਚ ਮਦਦ ਕਰ ਰਹੇ ਹੋ ਤਾਂ ਇਸ ਸਬੰਧੀ ਕਾਨੂੰਨੀ ਮਸ਼ਵਰਾ ਹਾਸਲ ਕਰੋ।

ਤੁਹਾਨੂੰ ਕਨੇਡਾ ਵਿਚ ਕਿਸੇ ਅਜਿਹੀ ਥਾਂ ’ਤੇ ਛੱਡਿਆ ਜਾ ਸਕਦਾ ਹੈ ਜਿਹੜਾ ਕਿ ਬਹੁਤ ਜ਼ਿਅਦਾ ਉਜਾੜ ਵਿਚ ਹੋਵੇ ਜਿੱਥੇ ਤੁਹਾਡੇ ਕੋਲ ਕੋਈ ਨਕਸ਼ਾ, ਘਰ, ਜਾਂ ਕਿਸੇ ਕਿਸਮ ਦੀ ਸਹਾਇਤਾ ਨਾ ਉਪਲੱਬਧ ਹੋਵੇ। ਇਹ ਬਹੁਤ ਵੱਡੀ ਸੰਭਾਵਨਾ ਹੈ ਕਿ ਸਿਆਲ (ਕਨੇਡਾ ਦੇ ਕਈ ਹਿੱਸਿਆਂ ਵਿਚ ਅਕਤੂਬਰ ਤੋਂ ਲੈ ਕੇ ਅਪ੍ਰੈਲ ਤੱਕ) ਵਿਚ ਠੰਡ ਨਾਲ ਤੁਹਾਡੀ ਸਿਹਤ ’ਤੇ ਬੁਰੇ ਅਸਰ ਪੈਣ ਜੇ ਤੁਸੀਂ ਬਹੁਤਾ ਸਮਾਂ ਬਾਹਰ ਠੰਡ ਵਿਚ ਰਹੋ ਤਾਂ। ਆਪਣੇ ਨਾਲ ਬਹੁਤ ਸਾਰੇ ਗਰਮ ਕੱਪੜੇ ਲੈ ਕੇ ਆਵੋ, ਖਾਣਾ, ਪਾਣੀ ਅਤੇ ਹੱਥ ਪੈਰ ਨਿੱਘੇ ਰੱਖਣ ਲਈ ਕੱਪੜੇ ਆਦਿ। ਆਪਣੇ ਨਾਲ ਸੈੱਲ ਫੋਨ ਲੈ ਕੇ ਆਵੋ ਪਰ ਇਸ ਗੱਲ ਦਾ ਪੱਕ ਕਰ ਲਵੋ ਕਿ ਤੁਸੀਂ ਰੋਮਿੰਗ ਇਲਾਕਿਆਂ ਵਿਚ ਵੀ ਫੋਨ ਕਰ ਸਕਦੇ ਹੋਵੋਂ। ਬਹੁਤੀਆਂ ਐਮਰਜੈਂਸੀ ਦੀਆਂ ਸਥਿਤੀਆਂ ਦੌਰਾਨ ਤੁਸੀਂ ਕਨੇਡਾ ਵਿਚ 911 ’ਤੇ ਫੋਨ ਕਰ ਸਕਦੇ ਹੋ ਪਰ ਇਸ ਦਾ ਅਰਥ ਹੈ ਕਿ ਨਾਲ ਪੁਲਸ ਵੀ ਆਵੇਗੀ।

ਕਨੇਡਾ ਦੇ ਰਫਿਊਜੀ ਅਮਲ ਬਾਰੇ ਤੁਸੀਂ ਹੋਰ ਜਾਣਕਾਰੀ ਏਥੋਂ ਲੈ ਸਕਦੇ ਹੋ:

http://refugee.cleo.on.ca/en/refugee-claim-flowchart

ਇਸ ਨੂੰ ਡਾਊਨਲੋਡ ਕਰਕੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਓ। ਸਵਾਲ? ਇਸ ’ਤੇ ਈਮੇਲ ਕਰੋ: nooneisillegal@riseup.net

ਇਹ ਲੀਗਲ ਗਾਈਡ ਕਨੇਡੀਅਨ ਰਫਿਊਜੀ ਕਾਨੂੰ ਤੱਕ ਸੀਮਤ ਹੈ ਜਿਹੜਾ ਕਿ ਜ਼ਿਆਦਾ ਵਰਤਿਆ ਜਾਣ ਵਾਲਾ ਕਾਨੂੰਨੀ ਢਾਂਚਾ ਹੈ ਜਿਸ ਨਾਲ ਰਫਿਊਜੀ ਕਲੇਮ ਕਰਨ ਵਾਲਿਆਂ ਦਾ ਵਾਹ ਪੈਂਦਾ ਹੈ। ਅਸੀਂ ਨਵੇਂ ਆਉਣ ਵਾਲਿਆਂ ਨੂੰ ਇਸ ਗੱਲ ਦੀ ਸਲਾਹ ਦਿੰਦੇ ਹਾਂ ਕਿ ਉਹ ਇਹ ਗੱਲ ਪੂਰੀ ਤਰ੍ਹਾਂ ਸਮਝਣ ਕਿ ਸਾਰਾ ਕਨੇਡਾ ਆਦਿਵਾਸੀ ਲੋਕਾਂ ਦੀ ਧਰਤੀ ਹੈ।